# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਮਿਤੀ: 21.04.2020**

ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਅਤੇ ਕਾਲਜਾਂ ਵਿਖੇ ਚਲ ਰਹੇ ਵੱਖ-ਵੱਖ ਕੋਰਸਾਂ ਦੇ ਐਮ.ਐਸ.ਟੀ, ਵਿਦਿਆਰਥੀਆਂ ਦੀ ਇਨਟ੍ਰਨਸ਼ਿਪ, ਵੱਖ-ਵੱਖ ਕੋਰਸਾਂ ਦੇ ਅਧਿਆਦੇਸ਼ਾਂ ਮੁਤਾਬਿਕ ਮੇਜਰ ਪ੍ਰੋਜੈਕਟ, ਐਮ.ਫਿਲ ਅਤੇ ਪੀ.ਐਚ.ਡੀ. ਦੀ Extension ਆਦਿ ਨਾਲ ਸਬੰਧਤ ਮੁੱਦਿਆਂ ਨੂੰ ਹਰ ਪੱਖੋਂ ਵਿਚਾਰਨ ਮਾਣਯੋਗ ਵਾਈਸ-ਚਾਂਸਲਰ ਸਾਹਿਬ ਦੁਆਰਾ ਪ੍ਰਵਾਨਿਤ ਕਮੇਟੀ ਦੀ ਆਨ-ਲਾਈਨ ਮੀਟਿੰਗ ਮਿਤੀ 17.04.2020 ਦੀਆਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ -ਚਾਂਸਲਰ ਸਾਹਿਬ ਵਲੋਂ ਪ੍ਰਵਾਨਿਤ ਸਿਫਾਰਸ਼ਾਂ ਹੇਠ ਲਿਖੇ ਅਨੁਸਾਰ ਹਨ:

**1.(a)** ਜਿਹੜੇ ਵਿਭਾਗ/ਕਾਲਜ ਲੋਕਡਾਊਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਕ MST ਕੰਡਕਟ ਕਰਵਾ ਚੁੱਕੇ ਹਨ, ਉਹ ਵਿਭਾਗ/ਕਾਲਜ ਆਪਣੇ ਵਿਦਿਆਰਥੀਆਂ ਤੋਂ ਰਹਿੰਦੇ ਇਕ MST ਦੇ ਬਦਲੇ ਇਕ Online Comprehensive assignment ਲੈਣਗੇ।

**1. (b)** ਜਿਹੜੇ ਵਿਭਾਗਾਂ/ਕਾਲਜਾਂ ਦੁਆਰਾ ਲੋਕਡਾਊਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਕੋਈ ਵੀ MST ਕੰਡਕਟ ਨਹੀਂ ਕੀਤਾ ਜਾ ਸਕਿਆ, ਉਹ ਵਿਭਾਗ/ਕਾਲਜ ਆਪਣੇ ਵਿਦਿਆਰਥੀਆਂ ਤੋਂ ਇਹਨਾਂ MSTs ਦੇ ਬਦਲੇ ਦੋ Online Comprehensive assignment ਲੈਣਗੇ।

**1. (c)** ਜਿਹੜੇ ਵਿਭਾਗਾਂ/ਕਾਲਜਾਂ ਦੇ ਵਿਦਿਆਰਥੀ ਕਿਸੇ ਕਾਰਨ ਜੇ ਕੋਈ MST ਨਹੀਂ ਦੇ ਸਕੇ, ਉਹਨਾਂ ਤੋਂ ਉਨ੍ਹਾਂ MST(s) ਦੇ ਬਦਲੇ ਵਿਚ Online Comprehensive assignment(s) ਲੈ ਲਈਆਂ ਜਾਣ(ਜਿਹੜੇ ਵਿਭਾਗਾਂ ਦੇ ਕੋਰਸਾਂ ਦੇ Ordinances ਵਿਚ ਦੋ MSTs ਦਾ ਨਿਯਮ ਹੈ, ਉੱਥੇ ਵਿਦਿਆਰਥੀਆਂ ਤੋਂ ਦੋ Online Comprehensive assignments ਅਤੇ ਜਿਹੜੇ ਕੋਰਸਾਂ ਦੇ Ordinances ਵਿਚ ਇਕ MST ਦਾ ਨਿਯਮ ਹੈ, ਉੱਥੇ ਵਿਦਿਆਰਥੀਆਂ ਤੋਂ ਇਕ Online Comprehensive assignment ਲਈ ਜਾਵੇਗੀ।

**1.(d)** Internal Assessment ਦੇ ਬਾਕੀ ਰਹਿਦੇ ਅੰਕਾਂ ਲਈ ਹਰ ਵਿਦਿਆਰਥੀ ਇੱਕ ਹੋਰ Online Comprehensive Assignment ਸਬਮਿਟ ਕਰੇਗਾ।

ਇਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਵਿਭਾਗਾਂ ਵਿਚ ਚੱਲ ਰਹੇ ਕੋਰਸਾਂ ਦੇ ਆਰਡੀਨੈਂਸਜ਼ ਵਿਚ ਪਹਿਲਾਂ ਹੀ assignments ਲੈਣ ਦਾ ਨਿਯਮ ਵੀ ਹੈ, ਉਹ assignments ਉਸੇ ਤਰ੍ਹਾਂ ਲਈਆਂ ਜਾਣਗੀਆਂ।

**2.** ਜਿਨ੍ਹਾਂ ਵਿਭਾਗਾਂ/ਕਾਲਜਾਂ ਦੇ ਵੱਖ ਵੱਖ ਕੋਰਸਾਂ ਦੇ Final Semester ਦੇ ਵਿਦਿਆਰਥੀ ਲੋਕਡਾਊਨ ਦੇ ਸ਼ੁਰੂ ਹੋਣ ਤੋਂ ਪਹਿਲਾਂ Industrial/Professional ਟ੍ਰੇਨਿੰਗ ਤੇ ਗਏ ਸਨ, ਪਰ ਲੋਕਡਾਊਨ ਕਾਰਨ ਇਹ Industrial/Professional ਟ੍ਰੇਨਿੰਗ ਪੂਰੀ ਨਹੀਂ ਕਰ ਸਕੇ, ਉਹਨਾਂ ਵਿਦਿਆਰਥੀਆਂ ਤੋਂ ਉਨ੍ਹੇ ਸਮੇਂ ਦੀ ਟ੍ਰੇਨਿੰਗ ਦੌਰਾਨ ਜੋ ਵੀ ਉਹਨਾਂ ਨੇ ਕੰਮ ਕੀਤਾ ਹੈ, ਉਸਦੀ Training Report ਲੈ ਲਈ ਜਾਵੇ।

ਜਿਹੜੇ ਵਿਭਾਗਾਂ/ਕਾਲਜਾਂ ਵਿਚ ਇੰਡਸਟਰੀਅਲ/ਪ੍ਰੋਫੈਸ਼ਨਲ ਟਰੇਨਿੰਗ ਦੀ ਰਿਪੋਰਟ ਜਮਾਂ ਕਰਵਾਉਣ ਉਪਰੰਤ ਪ੍ਰੈਜ਼ਨਟੇਸ਼ਨ/ਵਾਇਵਾ ਹੁੰਦੇ ਹਨ, ਉਹ ਵਿਭਾਗ/ਕਾਲਜ ਇਸ ਕਾਰਜ ਭਾਵ ਵਿਦਿਆਰਥੀਆਂ ਦੇ ਪ੍ਰੈਜ਼ਨਟੇਸ਼ਨ /ਵਾਇਵਾ

ਕਰਵਾਉਣ ਲਈ ਇਕ Coordinator ਨਿਯੁਕਤ ਕਰਕੇ ਵਿਭਾਗੀ ਪੱਧਰ ਤੇ Coordinating Committee ਦਾ ਗਠਨ ਕਰਨਗੇ ਜਿਸ ਵਿਚ ਇੱਕ ਮੈਂਬਰ ਡੀਨ ਅਕਾਦਮਿਕ ਮਾਮਲੇ ਤੋਂ ਨਾਮਜ਼ਦ ਕਰਵਾਇਆ ਜਾਵੇਗਾ। ਜਿਹੜੇ ਵਿਭਾਗਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੈ, ਉਸ ਵਿਭਾਗ ਵਿਚ ਇਕ ਤੋਂ ਜ਼ਿਆਦਾ Coordinating Committees ਦਾ ਗਠਨ ਕੀਤਾ ਜਾ ਸਕਦਾ ਹੈ ਅਤੇ ਹਰ Coordinating Committee ਵਿਚ ਇੱਕ ਮੈਂਬਰ ਡੀਨ ਅਕਾਦਮਿਕ ਮਾਮਲੇ ਤੋਂ ਨਾਮਜ਼ਦ ਕਰਵਾਇਆ ਜਾਵੇਗਾ।

3. ਜਿਨ੍ਹਾਂ ਵਿਭਾਗਾਂ/ਕਾਲਜਾਂ ਦੇ ਵਿਦਿਆਰਥੀ Major Research Projects / Dissertations ਕਰ ਰਹੇ ਹਨ, ਉਨ੍ਹਾਂ ਵਿਭਾਗਾਂ ਦੇ ਮੁਖੀ ਆਪਣੇ ਵਿਦਿਆਰਥੀਆਂ ਤੋਂ ਨਿਯਮਾਂ ਮੁਤਾਬਿਕ ਰਿਪੋਰਟ ਜਮਾਂ ਕਰਵਾਉਣ ਦੀ ਆਖ਼ਰੀ ਮਿਤੀ ਤੋਂ ਅਗਲੇ 15 ਦਿਨਾਂ ਦੇ ਸਮੇਂ ਵਿਚ ਬਿਨਾਂ ਕਿਸੇ ਲੇਟ ਫ਼ੀਸ ਦੇ ਰਿਪੋਰਟ ਜਮਾਂ ਕਰਵਾਉਣਗੇ। ਜੇ ਕਰ ਇਸ ਦੌਰਾਨ ਲੋਕਡਾਊਨ ਖੁੱਲ੍ਹ ਜਾਂਦਾ ਹੈ ਤਾਂ ਵਿਦਿਆਰਥੀ ਰਿਪੋਰਟ ਦੀ Hard Copy ਜਮਾਂ ਕਰਵਾਉਣਗੇ ਅਤੇ ਜੇ ਲੋਕਡਾਊਨ ਨਹੀਂ ਖੁੱਲ੍ਹਦਾ ਤਾਂ ਉਹ ਆਪਣੇ ਸੁਪਰਵਾਈਜ਼ਰ ਰਾਹੀਂ PDF file ਦੇ ਰੂਪ ਵਿਚ Soft Copy ਵਿਭਾਗ ਦੇ ਮੁਖੀ ਨੂੰ ਵਿਭਾਗੀ ਈਮੇਲ ਤੇ ਭੇਜਣਗੇ। ਕਿਸੇ ਕਾਰਨ ਵਜੋਂ ਜੇ ਕਰ ਕੋਈ ਵਿਦਿਆਰਥੀ ਆਪਣੀ ਰਿਪੋਰਟ ਈਮੇਲ ਰਾਹੀਂ ਨਹੀਂ ਭੇਜ ਸਕਦਾ ਉਹ ਡੀਨ ਅਕਾਦਮਿਕ ਮਾਮਲੇ ਜਾਂ ਵਿਭਾਗ ਦੇ ਮੁਖੀ ਨਾਲ ਸੰਪਰਕ ਕਰ ਲਵੇ ਤਾਂ ਜੋ ਅਜਿਹੇ ਕੇਸਾਂ ਲਈ ਹੱਲ ਕੱਢਿਆ ਜਾ ਸਕੇ।

4. ਜਿਨ੍ਹਾਂ M.Phil./Ph.D. ਵਿਦਿਆਰਥੀਆਂ ਦੇ ਕਿਸੇ ਵੀ ਖੋਜ ਕਾਰਜ ਸੰਬੰਧੀ ਕੋਈ ਆਖ਼ਰੀ ਮਿਤੀ ਲੋਕਡਾਊਨ ਦੇ ਸ਼ੁਰੂ ਹੋਣ ਤੋਂ ਬਾਅਦ ਅਤੇ ਲੋਕਡਾਊਨ ਦੇ ਖੁੱਲ੍ਹਣ ਦੇ ਵਿਚ ਆਉਂਦੀ ਹੈ, ਉਨ੍ਹਾਂ ਦਿਨਾਂ ਦੀ ਬਿਨਾਂ ਕੋਈ ਲੇਟ ਫ਼ੀਸ ਉਸ ਕਾਰਜ ਦੇ ਸਮਾਪਨ ਲਈ ਲੋਕਡਾਊਨ ਦੇ ਖੁੱਲ੍ਹਣ ਦੇ ਦਿਨ ਤੋਂ ਉਨ੍ਹੇ ਦਿਨਾਂ ਦੀ extension ਦਿੱਤੀ ਜਾਵੇਗੀ।

5. ਡਿਸਟੈਂਸ ਐਜੂਕੇਸ਼ਨ ਵਿਭਾਗ ਵਿਖੇ ਕੋਰਸਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਵੱਧ ਹੋਣ ਕਰਕੇ ਇਨ੍ਹਾਂ ਦੇ ਕੋਰਸਾਂ ਦੇ Internal Assessment ਬਾਰੇ ਵਿਭਾਗੀ ਕਮੇਟੀ ਰਾਹੀਂ ਵੱਖਰੇ ਤੌਰ ਤੇ ਫ਼ੈਸਲਾ ਲਿਆ ਜਾਵੇਗਾ।

ਕਮੇਟੀ ਨੇ ਸਰਵ ਸੰਮਤੀ ਨਾਲ ਇਹ ਸਪਸ਼ਟ ਕੀਤਾ ਹੈ ਕਿ ਉੱਪਰ ਦਰਸਾਏ ਗਏ ਫ਼ੈਸਲੇ COVID-19 ਕਾਰਨ ਉਤਪੰਨ ਹੋਈ ਸਥਿਤੀ ਨੂੰ ਨਜਿੱਠਣ ਅਤੇ ਵਿਦਿਆਰਥੀਆਂ ਦੇ ਭਵਿੱਖ ਦੇ ਹਿਤ ਵਿਚ ਲਏ ਗਏ ਹਨ ਅਤੇ ਉਪਰੋਕਤ ਫ਼ੈਸਲੇ ਜੇ ਕਰ ਕਿਸੇ ਕੋਰਸ ਦੇ Ordinances ਤੋਂ ਹਟ ਕੇ ਹਨ, ਉਨ੍ਹਾਂ ਨੂੰ ਅੱਗੇ ਤੋਂ precedent ਦੇ ਤੌਰ ਤੇ ਨਹੀਂ ਵਰਤਿਆ ਜਾਵੇਗਾ।

ਡੀਨ, ਅਕਾਦਮਿਕ ਮਾਮਲੇ

ਜੋਗਾਰਾਜ
ਡੀਨ, ਕਾਲਜ ਵਿਕਾਸ ਕੌਂਸਲ

ਉਤਾਰਾ:-

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ
ਦੇ ਪ੍ਰਿੰਸੀਪਲ ਸਾਹਿਬਾਨ